**ਸਾਈਪ੍ਰਸ ਤੋਂ ਸੰਸਦੀ ਵਫ਼ਦ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ**

26 ਨਵੰਬਰ, 2025

ਸਾਈਪ੍ਰਸ ਦੇ ਇੱਕ ਸੰਸਦੀ ਵਫ਼ਦ ਨੇ, ਸਾਈਪ੍ਰਸ ਦੇ ਪ੍ਰਤੀਨਿਧੀਆਂ ਦੇ ਸਦਨ ਦੀ ਪ੍ਰਧਾਨ, ਮਾਨਯੋਗ ਸੁਸ਼੍ਰੀ ਅੰਨੀਤਾ ਡੈਮੇਟ੍ਰੀਓ ਦੀ ਅਗਵਾਈ ਵਿੱਚ, ਅੱਜ (26 ਨਵੰਬਰ, 2025) ਰਾਸ਼ਟਰਪਤੀ ਭਵਨ ਵਿੱਚ ਭਾਰਤ ਦੀ ਰਾਸ਼ਟਰਪਤੀ, ਦ੍ਰੌਪਦੀ ਮੁਰਮੂ ਨਾਲ ਮੁਲਾਕਾਤ ਕੀਤੀ.

2. ਭਾਰਤ ਵਿੱਚ ਸੁਸ਼੍ਰੀ ਡੈਮੇਟ੍ਰੀਓ ਅਤੇ ਉਨ੍ਹਾਂ ਦੇ ਵਫ਼ਦ ਦਾ ਸੁਆਗਤ ਕਰਦੇ ਹੋਏ, ਰਾਸ਼ਟਰਪਤੀ ਜੀ ਨੇ ਕਿਹਾ ਕਿ ਭਾਰਤ ਅਤੇ ਸਾਈਪ੍ਰਸ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਮਜ਼ਬੂਤ ਸੰਸਦੀ ਪਰੰਪਰਾਵਾਂ ਨਾਲ ਬੰਨ੍ਹੇ ਹੋਏ ਨੇੜਲੇ ਸਾਂਝੇਦਾਰ ਹਨ। ਉਨ੍ਹਾਂ ਨੇ ਰੇਖਾਂਕਿਤ ਕੀਤਾ ਕਿ ਭਾਰਤ ਸਾਈਪ੍ਰਸ ਨਾਲ ਆਪਣੀ ਸਾਂਝੇਦਾਰੀ  ਨੂੰ ਮਹੱਤਵ ਦਿੰਦਾ ਹੈ, ਜੋ ਇੱਕ ਸਾਂਝੇ ਰਣਨੀਤਕ ਦ੍ਰਿਸ਼ਟੀਕੋਣ ਅਤੇ ਆਪਸੀ ਸਤਿਕਾਰ 'ਤੇ ਆਧਾਰਿਤ ਹੈ।

3. ਰਾਸ਼ਟਰਪਤੀ ਜੀ ਨੇ ਕਿਹਾ ਕਿ ਹਾਲ ਦੇ ਸਾਲਾਂ ਵਿੱਚ, ਭਾਰਤ ਅਤੇ ਸਾਈਪ੍ਰਸ ਦਰਮਿਆਨ ਰਾਜਨੀਤਿਕ ਸੰਪਰਕ, ਆਰਥਿਕ ਸਹਿਯੋਗ, ਰੱਖਿਆ ਸਾਂਝੇਦਾਰੀ ਅਤੇ ਸੱਭਿਆਚਾਰਕ ਸੰਬੰਧਾਂ ਨੂੰ ਗਹਿਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤ-ਸਾਈਪ੍ਰਸ ਆਰਥਿਕ ਸਬੰਧਾਂ ਦੇ ਵਿਸਥਾਰ ਦੀ ਬਹੁਤ ਸੰਭਾਵਨਾ ਹੈ। ਉਨ੍ਹਾਂ ਨੇ ਸੰਯੁਕਤ ਰਾਸ਼ਟਰ, ਯੂਰੋਪੀ ਸੰਘ ਅਤੇ ਰਾਸ਼ਟਰਮੰਡਲ ਢਾਂਚੇ ਸਮੇਤ ਬਹੁ-ਪੱਖੀ ਮੰਚਾਂ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਨੇੜਲੇ ਸਹਿਯੋਗ ਦੀ ਵੀ ਪ੍ਰਸ਼ੰਸਾ ਕੀਤੀ।

4. ਰਾਸ਼ਟਰਪਤੀ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਸ਼੍ਰੀਮਤੀ ਅੰਨੀਤਾ ਡੈਮੇਟ੍ਰੀਓ ਸਾਈਪ੍ਰਸ ਦੇ ਪ੍ਰਤੀਨਿਧੀਆਂ ਦੇ ਸਦਨ ਦੀ ਪਹਿਲੀ ਮਹਿਲਾ ਅਤੇ ਸਭ ਤੋਂ ਨੌਜਵਾਨ ਸਪੀਕਰ ਹੈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ ਸਾਈਪ੍ਰਸ ਵਿੱਚ ਮਹਿਲਾਵਾਂ ਲਈ ਨਹੀਂ, ਸਗੋਂ ਵਿਸ਼ਵ ਭਰ ਦੀਆਂ ਮਹਿਲਾਵਾਂ ਲਈ ਇੱਕ ਪ੍ਰੇਰਣਾ ਹੈ। ਰਾਸ਼ਟਰਪਤੀ ਜੀ ਨੇ ਉਹਨਾਂ ਨੂੰ ਭਾਰਤ ਵਿੱਚ ਮਹਿਲਾਵਾਂ ਦੀ ਵਧਦੀ ਲੋਕਤੰਤਰੀ ਭਾਗੀਦਾਰੀ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਪੰਚਾਇਤ ਰਾਜ ਪ੍ਰਣਾਲੀ ਵਿੱਚ, ਲੱਖਾਂ ਮਹਿਲਾਵਾਂ ਸਰਗਰਮ ਜਨਤਕ ਜੀਵਨ ਦਾ ਹਿੱਸਾ ਬਣ ਰਹੀਆਂ ਹਨ। ਸੰਸਦ ਦੇ ਹੇਠਲੇ ਸਦਨ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਲਈ ਇੱਕ ਤਿਹਾਈ ਰਾਖਵਾਂਕਰਨ ਨੂੰ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ ਕਾਨੂੰਨ ਪਾਸ ਕੀਤਾ ਗਿਆ ਹੈ।

5. ਰਾਸ਼ਟਰਪਤੀ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਯਾਤਰਾ ਦੌਰਾਨ, ਸਾਈਪ੍ਰਸ ਦਾ ਸੰਸਦੀ ਵਫ਼ਦ ਭਾਰਤ ਦੇ ਲੋਕਤੰਤਰ ਅਤੇ ਇਸਦੇ ਸੰਸਦੀ ਕੰਮਕਾਜ ਬਾਰੇ ਗਿਆਨ ਪ੍ਰਾਪਤ ਕਰੇਗਾ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਅਜਿਹੇ ਸੰਸਦੀ ਆਦਾਨ-ਪ੍ਰਦਾਨ ਨਾਲ ਭਾਰਤ ਅਤੇ ਸਾਈਪ੍ਰਸ ਦਰਮਿਆਨ ਮਿੱਤਰਤਾਪੂਰਨ ਸਬੰਧਾਂ ਨੂੰ ਹੋਰ ਮਜ਼ਬੂਤ ਹੋਣਗੇ।

ਨਵੀਂ ਦਿੱਲੀ

26 ਨਵੰਬਰ, 2025